# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਸਕੂਲ ਮੁੱਖੀ (ਵੈਬ-ਸਾਈਟ ਰਾਹੀ)

ਮੀਮੋ ਨੰ.: ਐਸ.ਐਸ.ਏ/ਐਮਸੀ/2010/ 68582-602
ਮਿਤੀ, ਚੰਡੀਗੜ੍ਹ 8-11-2010

ਵਿਸ਼ਾ:- ਐਸ.ਐਲ.ਏ. ਦੀ ਸਮਾਂ ਸਾਰਣੀ ਦੇਣ ਬਾਰੇ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ - ਸਮੇਂ ਕੀਤੇ ਗਏ ਨਿਰੀਖਣ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਸਮੂਹ ਮੁੱਖੀਆਂ ਵੱਲੋਂ ਜਮਾਤਾਂ ਦੇ ਸਾਇੰਸ ਵਿਸ਼ੇ ਦੇ ਪੀਰੀਅਡ ਦੀ ਸਮਾਂ ਸਾਰਣੀ ਅਧਿਆਪਕ ਵਰਗ ਨੂੰ ਲਿਖਤੀ ਨੋਟ ਕਰਵਾ ਦਿੱਤੀ ਜਾਂਦੀ ਹੈ। ਪਰ ਇਸ ਪੀਰੀਅਡ ਵਿੱਚ ਬਕਾਇਦਾ ਤੌਰ ਤੇ ਸਾਇੰਸ ਅਧਿਆਪਕ ਨਾਲ ਸਾਇੰਸ ਪ੍ਰਯੋਗਸ਼ਾਲਾ ਵਿੱਚ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਕਰਵਾਉਣ ਲਈ ਸਬੰਧਤ ਐਸ.ਐਲ.ਏ. ਨੂੰ ਸਮਾਂ ਸਾਰਣੀ ਨਹੀਂ ਦਿੱਤੀ ਜਾਂਦੀ ਅਤੇ ਨਾ ਹੀ ਸਕੂਲ ਮੁੱਖੀ ਵੱਲੋਂ ਬਣਾਏ ਗਏ ਸਮਾਂ ਸਾਰਣੀ ਦੇ ਚਾਰਟ ਵਿੱਚ ਦਰਸਾਇਆ ਜਾਂਦਾ ਹੈ। ਜਿਸ ਕਾਰਣ ਸਾਇੰਸ ਵਿਸ਼ੇ ਦੀ ਪੜ੍ਹਾਈ ਵਿਚ ਪੂਰੀ ਸੰਜੀਦਗੀ ਲਿਆਉਣ ਲਈ ਐਸ.ਐਲ.ਏ. ਦੀ ਸੇਵਾਵਾਂ ਪੂਰੀ ਤਰ੍ਹਾਂ ਨਹੀ ਲਈ ਜਾਂਦੀਆਂ।ਇਸ ਲਈ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਵੱਖ-ਵੱਖ ਜਮਾਤ ਦੇ ਵਿਸ਼ੇ ਦੇ ਪੀਰੀਅਡ ਮੁਤਾਬਿਕ ਵਿਸ਼ੇਸ ਕਰਕੇ ਪ੍ਰੈਕਟੀਕਲਾਂ ਦੇ ਪੀਰੀਅਡ ਬਾਰੇ ਲਿਖਤੀ ਤੌਰ ਤੇ ਸਮਾਂ ਸਾਰਣੀ ਐਸ.ਐਲ.ਏ.ਨੂੰ ਵੀ ਦੇਣ।

3.0 ਇਸ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ